# UNIT - 2nd

## ਪਾਠ ਪੁਸਤਕਾਂ

2.1 ਪਾਠ ਪੁਸਤਕਾਂ ਦੀ ਮਹੱਤਤਾ
2.2 ਪਾਠ ਪੁਸਤਕਾਂ ਦੀਆਂ ਵਿਸ਼ੇਸ਼ਤਾਵਾਂ

**ਪਾਠ ਪੁਸਤਕ ਦਾ ਅਰਥ ਮਹੱਤਵ ਅਤੇ ਚੰਗੀ ਪਾਠ ਪੁਸਤਕ ਦੇ ਗੁਣ**

(ਪਾਠ ਪੁਸਤਕ) :- ਆਧੁਨਿਕ ਸਿੱਖਿਆ ਬਾਲ ਕੇਂਦਰਿਤ ਹੈ ਅਤੇ ਅਸੀਂ ਸਿੱਖਿਆ ਨੂੰ ਬਾਲ ਕੇਂਦਰਿਤ ਕਹਿੰਦੇ ਹਨ ਅੱਜ ਸਿੱਖਿਆ ਨੂੰ ਪਾਠ ਪੁਸਤਕ ਦੇ ਆਧਾਰ ਤੇ ਦਿੱਤੀ ਜਾਂਦੀ ਹੈ ਪਾਠ ਪੁਸਤਕ ਸਿੱਖਿਆ ਪ੍ਰਕਿਰਿਆ ਵਿਚ ਹੋਣੀ ਚਾਹੀਦੀ ਹੈ। ਖੁਰਾਕ ਦੇ ਤੱਤ ਵਾਂਗ ਦਿੱਤੀ ਜਾਂਦੀ ਹੈ ਗਿਆਨ ਬਹੁਤ ਕੀਮਤੀ ਹੈ ਬੱਚਿਆਂ ਨੂੰ ਅਲੱਗ ਗਿਆਨ ਦੇਣ ਦੀ ਜ਼ਰੂਰਤ ਨਹੀਂ ਹੈ। ਅਗਰ ਵਿਦਿਆਰਥੀਆਂ ਨੂੰ ਇਹ ਸਿੱਖਿਆ ਨਹੀਂ ਦਿੱਤੀ ਜਾਂਦੀ ਤਾਂ ਉਹ ਕੋਰਾ ਕਾਗਜ਼ ਹੁੰਦੀ ਹੈ। ਉਸਦਾ ਗਿਆਨ ਵਿਕਸਿਤ ਨਹੀਂ ਹੋ ਸਕਦਾ। ਬਾਕੀ ਵੱਖਾਂ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਗਰ ਪਾਠ ਪੁਸਤਕ ਨਹੀਂ ਹੈ ਤਾਂ ਕੋਈ ਅਧਿਆਪਕ ਕੀ ਪੜ੍ਹਾਏਗਾ ਸਾਰੇ ਅਧਿਆਪਕ ਵੱਖ-ਵੱਖ ਪੜ੍ਹਾਉਣਗੇ। ਇਕ ਪੱਧਰ ਦੇ ਨਿਰਮਾਣ ਲਈ ਪਾਠ ਪੁਸਤਕ ਜ਼ਰੂਰੀ ਹੈ। ਕਿਤਾਬਾਂ ਤੋਂ ਇਲਾਵਾ ਦੂਜਾ ਵੱਖ ਦਾ ਨਿਰਮਾਣ ਕੀਤਾ ਜਾਂਦਾ ਹੈ।

(ਕੀ ਹੈ ਜ਼ਰੂਰੀ ਹੈ ਜੇ ਜ਼ਰੂਰੀ ਹੈ ਤਾਂ ਇਸ ਨੂੰ ਬਿਆਨ ਕਰੋ)

ਸਿੱਖਿਆ ਨੂੰ ਜਾਣਨ ਲਈ ਪਾਠ ਪੁਸਤਕਾਂ ਦੀ ਜ਼ਰੂਰਤ ਪੈਂਦੀ ਹੈ। ਸਮੇਂ ਸਮੇਂ ਦੇ ਮੁਤਾਬਿਕ ਹਰ ਕਲਾਸਾਂ ਵਿਚ ਬਦਲਾਵ ਹੁੰਦਾ ਰਿਹਾ ਹੈ।

**ਪਾਠ ਪੁਸਤਕ ਦਾ ਅਰਥ** :- ਆਧੁਨਿਕ ਸਿੱਖਿਆ ਪ੍ਰਣਾਲੀ

ਪਾਠ ਆਧਾਰਿਤ ਹੈ ਮਨੁੱਖ ਨੇ ਆਪਣੇ ਕਮਾਏ ਅਨੁਭਵ ਅਤੇ ਗਿਆਨ ਨੂੰ ਪੀੜ੍ਹੀ ਦਰ ਪੀੜ੍ਹੀ ਪਹੁੰਚਾਉਣ ਲਈ ਉਸਨੇ ਲਿਖਤੀ ਰੂਪ ਦਿਤਾ ਅਤੇ ਇਸ ਤਰ੍ਹਾਂ ਪਾਠ ਪੁਸਤਕ

Scanned with CamScanner

ਦਾ ਸਮੂਹ ਕਿਹਾ ਗਿਆ । ਇਹ ਜੀਵਨ ਦੇ ਸੰਚਿਤ ਅਨੁਭਵਾਂ ਦੀ ਸੰਯੁਕਤ ਗਿਆਨ ਰਾਸ਼ੀ ਹੈ ਜਿਸ ਦੇ ਆਧਾਰਿਤ ਇਸ ਵਿਚ ਸਹਿ ਵਿਹਾਰਕਤੀ ਵਿਚ ਗਿਆਨ ਦੀ ਪ੍ਰਾਪਤੀ ਵਿਚਾਰ ਦੀ ਪਰਪੱਕਤਾ ਗਿਆਨ ਖੇਤਰ ਦਾ ਵਿਕਾਸ ਨਾਲ ਸੰਬੰਧਿਤ ਹੈ ਇਸ ਸੰਬੰਧੀ ਸੰਬੰਧਿਤ ਪ੍ਰਕਿਰਿਆ ਹੈ ਇਹ ਸਿੱਖਿਆ ਅਤੇ ਸਿੱਖਣ ਦੇ ਖੇਤਰ ਵਿਚ ਸਿਧਾਂਤ ਦਿੰਦੇ ਹੋਏ ਗਿਆਨ ਅਨੁਭਵ ਅਤੇ ਪ੍ਰਯੋਗ ਲਈ ਵਿਸ਼ੇਸ਼ ਰਾਹ ਖੋਲ੍ਹਦੀ ਹੈ । ਵਿਆਪਕ ਅਰਥਾਂ ਵਿਚ ਸਿੱਖਿਆ ਦਾ ਮੁੱਖ ਉਦੇਸ਼ ਬੱਚਿਆਂ ਦੀ ਪ੍ਰਾਕਿਰਤਕ ਯੋਗਤਾ ਕਰਦੇ ਹੋਏ ਉਨ੍ਹਾਂ ਦੀ ~~ਅੰਦਰੂਨੀ~~ ਅੰਦਰੂਨੀ ਸ਼ਕਤੀ ਦਾ ਚਹੁੰਮੁਖੀ ਵਿਕਾਸ ਕਰਨਾ ਹੈ । ਅਧਿਆਪਕ ਆਪ ਹੀ ਸਹੀ ਰਸਤਾ ਜਾਂ ਸਹੀ ਨਿਰਦੇਸ਼ਨ ਜਾਂ ਸਹੀ ਪ੍ਰਯੋਗ ਕਰਨ ਦੀ ਕਲਾ ਕਰਦਾ ਹੈ । ਵਿਦਿਆਰਥੀ ਸੰਪੂਰਨ ਸਿੱਖਿਆ ਗ੍ਰਹਿਣ ਕਰਨ ਲਈ ਉਚਿਤ ਧਿਆਨ ਚਾਹੁੰਦੇ ਹਨ ਜਿਸ ਦੇ ਆਧਾਰ ਤੇ ਸਰੂਪ ਦੇ ~~[illegible]~~ ਪੱਧਰ ਵਿਚ ਕੀਤਾ ਜਾਵੇ ਦੂਜਾ ਇਸ ਅਤੇ ਗਿਆਨ ਦੀ ਪ੍ਰਾਪਤੀ ਸਹੀ ਰੂਪ ਵਿਚ ਸੰਭਵ ਹੈ ਹੈ ਸਭ ਅਧਿਆਪਕ ਵੀ ਇਹੀ ਚਾਹੁੰਦੇ ਹਨ ਕਿ ਵਿਦਿਆਰਥੀਆਂ ਨੂੰ ਚੰਗਾ ਤੋਂ ਚੰਗਾ ਗਿਆਨ ਪ੍ਰਾਪਤ ਕੀਤਾ ਜਾਵੇ ਤਾਂ ਕਿ ਉਹ ਸਮਾਜ ~~[illegible]~~ ਸੰਤੁਸ਼ਟੀ ਗ੍ਰਹਿਣ ਕਰਦੇ ਹੋਏ ਆਪਣਾ ਸਹੀ ਨਿਰਦੇਸ਼ਨ ਕਰ ਸਕਣ ਇਸ ਤਰ੍ਹਾਂ ਸੰਪੂਰਨ ਸਿੱਖਿਆ ਪ੍ਰਣਾਲੀ ਦੀ ਨਿਸ਼ਾਨ ਦੇਹੀ ਕਰਦੀ ਹੈ ਪਾਠ ਪੁਸਤਕ ਆਧੁਨਿਕ ਸਿੱਖਿਆ ਪ੍ਰਣਾਲੀ ਦੇ ਅੰਤਰਗਤ ਪ੍ਰਚੱਲਤ ਨਿਰਧਾਰਿਤ ਸਿੱਖਿਆ ਦੀ ਪੂਰਨਤਾ ਦਾ ਸਹਾਇਕ ਸਾਧਨ ਹੈ, ਇਹ ਸੰਪੂਰਨ ਸਮਾਜ ਸਮਾਜਿਕ ਜੀਵਨ ~~ਸਾਂਸਕ੍ਰਿਤਿਕ~~ ਸਾਂਸਕ੍ਰਿਤਿਕ ਵਿਰਾਸਤ ਰਾਸ਼ਟਰ ਵਰਤਮਾਨ ਜੀਵਨ ਅਤੇ ਚਰਿੱਤਰ ਦਾ ਨਿਰਦੇਸ਼ਨ ਹੈ ਪਾਠ ਪੁਸਤਕ ਗਿਆਨ ਨੂੰ ਸੰਗ੍ਰਹਿ ਅਤੇ ਸੰਚਾਰ ਕਰਨ ਦਾ ਇਕ ਸਾਧਨ ਹੈ ਜਿਸ ਦਾ ਲਾਭ ਨਵੀਂ ਪੀੜ੍ਹੀ ਨੂੰ ਹੁੰਦਾ ਹੈ ਆਰ

→ ਆਰ. ਡਾਗਰਨ ਦੇ ਵਿਚਾਰ ਅਨੁਸਾਰ ਅਧਿਆਪਕ ਦੇ ਅਨੁਭਵਾਂ ਅਤੇ ਵਿਸ਼ਲੇਸ਼ਣ ਦਾ ਅਨੁਮਾਨ

→ ਹੈਰੋਲਿਕਨ ਨੇ ਪਾਠ ਪੁਸਤਕ ਨੂੰ ਗਿਆਨ ਅਨੁਭਵਾਂ, ਭਾਵਨਾਵਾਂ, ਵਿਚਾਰਾਂ ਅਤੇ ਪ੍ਰਵਿਰਤੀਆਂ ਮੁੱਲਾਂ ਨੂੰ ਸੰਗ੍ਰਹਿ ਕਰਨ ਦਾ ਸਾਧਨ ਮੰਨਿਆ ਹੈ।

Scanned with CamScanner

→ ਡਾ. ਸੀ.ਪੀ. ਗਿਲ ਦੇ ਵਿਚਾਰ ਅਨੁਸਾਰ, "ਪਾਠ ਪੁਸਤਕ ਅਸਾਧਾਰਨ ਕੇਵਲ ਤੱਥਾਂ ਦਾ ਸਮਾਵੇਸ਼ਨ ਮਾਤਰ ਨਹੀਂ ਬਲਕਿ ਸਾਧਾਰਨ ਤੋਂ ਲੈ ਕੇ ਵਿਸ਼ਿਸ਼ਟ ਗਿਆਨ ਦਾ ਐਸਾ ਰੂਪ ਹੈ ਜਿਸ ਤੋਂ ਵਿਦਿਆਰਥੀ ਕਿਸੇ ਵੀ ਸਮੇਂ ਭਿੰਨ ਭਿੰਨ ਰੂਪਾਂ ਵਿਚ ਪ੍ਰਯੋਗ ਕਰ ਸਕਦਾ ਹੈ।

→ ਲਾਲਾ ਹਰਦਿਆਲ ਅਨੁਸਾਰ, "ਹਰ ਇਕ ਪਾਠ ਪੁਸਤਕ ਦੇ ਅਧੀਨ ਹਰ ਇਕ ਮਨੁੱਖ ਆਪਣੇ ਬੌਧਿਕ ਉੱਨਤੀ ਵਿਚ ਜੋ ਵਿਕਸਿਤ ਜੀਵਨ ਜੀਅ ਸਕਦਾ ਹੈ ਕਿਉਂਕਿ ਪੁਸਤਕਾਂ ਸਾਰੇ ਜੀਵਨ ਦਾ ਖਜ਼ਾਨਾ ਇਹ ਮਨੁੱਖ ਦੇ ਸਮਾਜਿਕ ਬੌਧਿਕ ਵਿਕਾਸ ਦੀ ਪ੍ਰੇਰਨਾ ਸਰੋਤ ਹਨ।"

ਸੋ ਪਰਿਭਾਸ਼ਾਵਾਂ ਲਈ ਅਧਿਆਪਕ ਅਤੇ ਸਿੱਖਿਆ ਸਣੇ ਪਾਠ ਪੁਸਤਕ ਦੀ ਅਹਿਮ ਭੂਮਿਕਾ ਹੁੰਦੀ ਹੈ ਵਿਦਿ ਨੂੰ ਇਨ੍ਹਾਂ ਤੋਂ ਆਧੁਨਿਕ ਅਤੇ ਨਵਾਂ ਗਿਆਨ ਪ੍ਰਾਪਤ ਹੁੰਦਾ ਹੈ। ਇਕ ਚੰਗੀ ਪਾਠ ਪੁਸਤਕ ਵਿਚ ਕੁਝ ਵਿਸ਼ੇਸ਼ਤਾਈਆਂ ਹੁੰਦੀਆਂ ਹਨ ਜੋ ਉਨ੍ਹਾਂ ਦੇ ਗੁਣਾਂ ਨੂੰ ਦੋ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਜਾ ਸਕਦਾ ਹੈ

## ਪਾਠ ਪੁਸਤਕ ਦੀ ਲੋੜ ਤੇ ਮਹੱਤਤਾ

ਕੁਝ ਸਿੱਖਿਆ-ਸ਼ਾਸਤਰੀਆਂ ਦੀ ਰਾਇ ਹੈ ਕਿ ਪਾਠ ਪੁਸਤਕ ਦੇ ਕਾਰਨ ਅੱਜ ਕੱਲ ਦੀ ਸਿੱਖਿਆ, ਪੁਸਤਕ ਕੇਂਦਰਤ ਹੁੰਦੀ ਜਾ ਰਹੀ ਹੈ। ਵਿਦਿਆਰਥੀਆਂ ਵਿਚ ਘੋਟਾ ਲਗਾਉਣ ਦੀ ਪ੍ਰਵਿਰਤੀ ਵਧ ਰਹੀ ਹੈ। ਮੁਲਾਂਕਣ ਯੋਗਤਾ ਦੇ ਆਧਾਰ ਤੇ ਨਹੀਂ ਸਗੋਂ ਪਾਠ ਪੁਸਤਕ ਦੇ ਸੀਮਿਤ ਗਿਆਨ ਦੇ ਆਧਾਰ ਉਪਰ ਹੋ ਰਿਹਾ ਹੈ। ਇਸ ਨਾਲ ਯੋਗਤਾ ਦਾ ਵਿਕਾਸ ਨਹੀਂ ਹੋ ਰਿਹਾ। ਪਾਠ ਪੁਸਤਕਾਂ ਨੇ ਸਿੱਖਿਆ ਦੇ ਉਦੇਸ਼ ਨੂੰ ਸੌੜਾ ਕਰ ਦਿੱਤਾ ਹੈ, ਆਦਿਕ।

ਇਸ ਕਟੜ ਆਲੋਚਨਾ ਦੇ ਬਾਵਜੂਦ ਪਾਠ ਪੁਸਤਕ ਦਾ ਮਹੱਤਵ ਦਿਨੋ ਦਿਨ ਵਧਦਾ ਜਾ ਰਿਹਾ ਹੈ ਅਸਲ ਵਿਚ ਪਾਠ ਪੁਸਤਕਾਂ ਦਾ ਮਹੱਤਵ ਦਿਨੋ ਦਿਨ ਵਧਦਾ ਜਾ ਰਿਹਾ ਹੈ।

Scanned with CamScanner

ਅਸਲ ਵਿਚ ਪਾਠ ਪੁਸਤਕਾਂ ਸਿੱਖਿਆ ਦੇ ਵਿਕਾਸ ਤੇ ਪ੍ਰਸਾਰ ਦੀਆਂ ਰੂਪ ਵਿਸ਼ੇਸ਼ਤਾਵਾਂ ਮਹੱਤਵਪੂਰਨ ਮਹੱਤਤਾ ਨੂੰ ਪੂਰਾ ਕਰਦੀ ਜਾ ਰਹੀ ਜਿਸ ਦੇ ਨਤੀਜੇ ਵਜੋਂ ਉਨ੍ਹਾਂ ਦਾ ਮਹੱਤਵ ਵਧ ਰਿਹਾ ਹੈ।

ਇਸ ਦੇ ਕਾਰਨ ਹੇਠ ਲਿਖੇ ਹਨ

→ ਵਿਸ਼ੇ ਵਸਤੂ ਨੂੰ ਸਮਝਣ ਵਿਚ ਸਹਾਇਕ।
→ ਮਾਰਗ ਦਰਸ਼ਕ।
→ ਪੜ੍ਹਾਈ ਦਾ ਸਰਲ ਤੇ ਵਧੀਆ ਸਾਧਨ।
→ ਮੌਲਿਕ ਚਿੰਤਨ ਵਿਚ ਪ੍ਰੇਰਕ।
→ ਗਿਆਨ ਦੇ ਸਥਾਈਕਰਨ ਵਿਚ ਸਹਾਇਕ।
→ ਅਨੁਸ਼ਾਸਨ ਦਾ ਸਾਧਨ।
→ ਭਿੰਨ ਭਿੰਨ ਤੱਤਾਂ ਵਿਚ ਸੰਤੁਲਨ।
→ ਮਨੋਵਿਗਿਆਨਕ ਲੋੜਾਂ ਦੀ ਪੂਰਤੀ ਵਿਚ ਸਹਾਇਕ।
→ ਇਕ ਅੱਖਰ ਦੀ ਪੱਧਰ ਦੀ ਸਥਾਪਤੀ ਵਿਚ ਸਹਾਇਕ।
→ ਸਿੱਖਿਆ ਦੇ ਪ੍ਰਸਾਰ ਵਿਚ ਸਹਾਇਕ।

(1) ਵਿਸ਼ੇ ਵਿਸ਼ਤੂ ਨੂੰ ਸਮਝਣ ਵਿਚ ਸਹਾਇਕ :- ਪਾਠ ਪੁਸਤਕ ਦੀ ਸਹਾਇਤਾ ਨਾਲ ਸਿੱਖਿਆ ਨੂੰ ਸਮਝਣ ਵਿਚ ਸਹਾਇਤਾ ਮਿਲਦੀ ਹੈ। ਛੋਟੀ ਸ਼੍ਰੇਣੀ ਵਿਚ ਅਧਿਆਪਕ ਦੁਆਰਾ ਪੜ੍ਹਾਏ ਗਏ ਮੌਖਿਕ ਗਿਆਨ ਨੂੰ ਸਮਝ ਤਾਂ ਲੈਂਦੇ ਹਨ ਪਰ ਉਸ ਨੂੰ ਯਾਦ ਕਰਨ ਲਈ ਕਈ ਵਾਰ ਦੁਹਰਾਈ ਤੇ ਇਤਿਹਾਸ ਦੀ ਲੋੜ ਪੈਂਦੀ ਹੈ। ਪਾਠ ਪੁਸਤਕ ਇਸ ਜ਼ਰੂਰਤ ਨੂੰ ਪੂਰਾ ਕਰਦੀ ਹੈ। ਕਈ ਵਾਰ ਵਿਦਿਆਰਥੀ ਸ਼੍ਰੇਣੀ ਵਿਚ ਨੋਟਸ ਨਹੀਂ ਲੈ ਸਕਦੇ, ਉਨ੍ਹਾਂ ਨੂੰ ਪਾਠ ਪੁਸਤਕ ਉੱਪਰ ਹੀ ਨਿਰਭਰ ਹੋਣਾ ਪੈਂਦਾ ਹੈ।

(2) ਮਾਰਗ ਦਰਸ਼ਕ :- ਪਾਠ ਪੁਸਤਕ ਵਿਦਿਆਰਥੀਆਂ ਤੇ ਅਧਿਆਪਕ ਦੋਹਾਂ ਲਈ ਮਾਰਗ ਦਰਸ਼ਕ ਦਾ ਕੰਮ ਕਰਦੀ ਹੈ। ਇਹ ਠੀਕ ਹੈ ਕਿ ਭਾਸ਼ਾ ਸਿੱਖਿਆ ਦਾ ਮੁੱਖ ਉਦੇਸ਼ ਬੱਚਿਆਂ ਦੀ

Scanned with CamScanner

ਭਾਸ਼ਾ ਯੋਗਤਾ ਵਧਾਉਂਦਾ ਹੈ, ਪਰੰਤੂ ਇਸ ਪਧਰ ਤੇ ਜਿੰਨੀ ਭਾਸ਼ਾ ਯੋਗਤਾ ਵਧਣੀ ਚਾਹੀਦੀ ਹੈ, ਇਸ ਦਾ ਆਧਾਰ ਪ੍ਰਦਾਨ ਪਾਠ ਪੁਸਤਕ ਕਰਦੀ ਹੈ। ਇਸ ਤਰ੍ਹਾਂ, ਇਕ ਨਿਸ਼ਚਿਤ ਸਮੇਂ ਵਿਚ, ਨਿਸ਼ਚਿਤ ਭਾਸ਼ਾ ਯੋਗਤਾ ਕਰਨ ਲਈ ਪਾਠ ਪੁਸਤਕ ਆਧਾਰ ਪ੍ਰਦਾਨ ਦੀ ਭੂਮਿਕਾ ਨਿਭਾਉਂਦੀ ਹੈ।

(3) <u>ਪੜ੍ਹਾਈ ਦਾ ਸਰਲ ਤੇ ਵਧੀਆ ਸਾਧਨ</u> :- ਪਾਠ ਪੁਸਤਕ ਪੜ੍ਹਾਈ ਦਾ ਸਭ ਤੋਂ ਸਰਲ ਤੇ ਵਧੀਆ ਸਾਧਨ ਹੈ। ਇਸ ਵਿਚ ਵਿਸ਼ੇ ਵਸਤੂ ਨੂੰ ਕ੍ਰਮਬੱਧ ਤੇ ਲੜੀਵਾਰ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਜੋ ਨਵੇਂ ਅਧਿਆਪਕ ਤੇ ਵਿਦਿਆਰਥੀਆਂ ਲਈ ਬਹੁਤ ਲਾਭਦਾਇਕ ਹੈ। ਅਧਿਆਪਕ ਨੂੰ ਕਿਹੜੇ ਪਾਠਾਂ ਦਾ ਪਤਾ ਹੁੰਦਾ ਹੈ ਕਿ ਕੀ ਪੜ੍ਹਾਉਣਾ ਹੈ ਇਸ ਲਈ ਉਹ ਉਪਯੋਗੀ ਸਿੱਖਿਆ-ਵਿਧੀਆਂ ਤੇ ਦ੍ਰਿਸ਼-ਸ੍ਰਵਣ ਵਾਲੇ ਸਾਧਨਾਂ ਦੀ ਯੋਗ ਵਰਤੋਂ ਕਰ ਸਕਦਾ ਹੈ।

(4) <u>ਮੌਲਿਕ ਚਿੰਤਨ ਲਈ ਪ੍ਰੇਰਕ</u> :- ਪਾਠ ਪੁਸਤਕਾਂ, ਮੌਲਿਕ ਚਿੰਤਨ ਲਈ ਪ੍ਰੇਰਿਤ ਕਰਦੀਆਂ ਹਨ ਇਨ੍ਹਾਂ ਪੁਸਤਕਾਂ ਦੇ ਹਰੇਕ ਪਾਠ ਦੇ ਅੰਤ ਵਿਚ ਅਭਿਆਸੀ ਪ੍ਰਸ਼ਨ ਹੁੰਦੇ ਹਨ। ਇਨ੍ਹਾਂ ਪ੍ਰਸ਼ਨਾਂ ਵਿਚ ਮੌਲਿਕ ਚਿੰਤਨ ਦੀ ਪ੍ਰਕਿਰਿਆ ਸਮਾਈ ਹੁੰਦੀ ਹੈ। ਇਨ੍ਹਾਂ ਦੁਆਰਾ ਬੱਚਿਆਂ ਵਿੱਚ ਮੌਲਿਕ ਚਿੰਤਨ ਦਾ ਵਿਕਾਸ ਹੁੰਦਾ ਹੈ। ਉਹ ਕੁਝ ਪ੍ਰਸ਼ਨਾਂ ਦਾ ਆਪ ਉੱਤਰ ਲੱਭਣ ਦੇ ਯੋਗ ਹੋ ਜਾਂਦੇ ਹਨ। ਇਸ ਤੋਂ ਉਨ੍ਹਾਂ ਨੂੰ ਹੋਰ ਪੁਸਤਕਾਂ ਪੜ੍ਹਨ ਦੀ ਪ੍ਰੇਰਨਾ ਵੀ ਮਿਲਦੀ ਹੈ ਜਿਸ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ।

(5) <u>ਗਿਆਨ ਦੇ ਸਥਾਈਕਰਨ ਵਿਚ ਸਹਾਇਕ</u> :- ਗਿਆਨ ਦੇ ਸਥਾਈਕਰਨ ਲਈ ਉਸ ਨੂੰ ਯਾਦ ਰੱਖਣ ਦੀ ਲੋੜ ਹੁੰਦੀ ਹੈ। ਪਾਠ ਪੁਸਤਕ ਯਾਦ ਰੱਖਣ ਵਿਚ ਸਹਾਇਤਾ ਪ੍ਰਦਾਨ ਕਰਦੀ ਹੈ।

(6) **ਮਨੋਰੰਜਨ ਦਾ ਸਾਧਨ :-** ਸਿੱਖਿਆ ਵਿਚ ਮਨੋਰੰਜਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਨੂੰ ਪਾਠ ਪੁਸਤਕ ਤੋਂ ਕੇਵਲ ਗਿਆਨ ਹੀ ਪ੍ਰਾਪਤ ਨਹੀਂ ਹੁੰਦਾ ਸਗੋਂ ਮਨੋਰੰਜਨ ਵੀ ਪ੍ਰਾਪਤ ਹੁੰਦਾ ਹੈ। ਭਾਸ਼ਾ ਦੀ ਪਾਠ ਪੁਸਤਕ ਵਿਚ ਸ਼ਾਮਿਲ ਕਹਾਣੀਆਂ ਇਕਾਂਗੀ ਕਵਿਤਾਵਾਂ ਨਾਟਕ ਤੇ ਵਿਅੰਗਾਤਮਿਕ ਲੇਖ ਆਦਿ ਵਿਦਿਆਰਥੀਆਂ ਦਾ ਮਨੋਰੰਜਨ ਵੀ ਕਰਦੇ ਹਨ ਤੇ ਸਿੱਖਿਆ ਵੀ ਦਿੰਦੇ ਹਨ।


(7) **ਭਿੰਨ ਭਿੰਨ ਤੱਤਾਂ ਵਿਚ ਸੰਤੁਲਨ :-** ਪਾਠ ਪੁਸਤਕ ਸਿੱਖਿਆ ਦੇ ਭਿੰਨ ਭਿੰਨ ਤੱਤਾਂ ਵਿਚ ਸੰਤੁਲਨ ਸਥਾਪਤ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ। ਭਾਸ਼ਾ ਸਿੱਖਿਆ ਦੇ ਭਿੰਨ-ਭਿੰਨ ਤੱਤਾਂ ਵਿਚ ਸੰਤੁਲਨ ਸਥਾਪਤ ਕਰਨ ਵਿਚ ਸਹਾਇਕ ਸਿੱਧ ਹੁੰਦੀ ਹੈ ਭਾਸ਼ਾ ਸਿੱਖਿਆ ਦੇ ਭਿੰਨ ਭਿੰਨ ਤੱਤ ਹਨ ਜਿਵੇਂ ਉਚਾਰਨ, ਸ਼ਬਦ ਭੰਡਾਰ, ਵਿਆਕਰਨ, ਰਚਨਾ ਕਾਰਜ ਆਦਿ। ਇਸੇ ਤਰ੍ਹਾਂ ਭਾਸ਼ਾ ਸਿੱਖਿਆ ਵਿਚ ਕਵਿਤਾ, ਕਹਾਣੀ, ਇਕਾਂਗੀ, ਨਾਟਕ, ਜੀਵਨੀ ਆਦਿ ਭਿੰਨ ਭਿੰਨ ਰੂਪਾਂ ਨੂੰ ਵੀ ਸ਼ਾਮਿਲ ਕਰਨਾ ਹੁੰਦਾ ਹੈ। ਭਾਸ਼ਾ ਦਾ ਸੰਪੂਰਨ ਗਿਆਨ ਪ੍ਰਾਪਤ ਕਰਨ ਲਈ, ਭਾਸ਼ਾ ਦੇ ਇਨ੍ਹਾਂ ਭਿੰਨ ਭਿੰਨ ਤੱਤਾਂ ਦੇ ਰੂਪਾਂ ਦੋਹਾਂ ਵਿਚ ਸੰਤੁਲਨ ਦਾ ਵੀ ਧਿਆਨ ਰੱਖਿਆ ਜਾਂਦਾ ਹੈ। ਇਸ ਤਰ੍ਹਾਂ, ਪਾਠ ਪੁਸਤਕ ਭਾਸ਼ਾ ਸਿੱਖਿਆ ਦੇ ਭਿੰਨ ਭਿੰਨ ਤੱਤਾਂ ਵਿਚ ਇਕ ਸੰਤੁਲਨ ਸਥਾਪਿਤ ਕਰਨ ਵਿਚ ਸਹਾਇਕ ਹੁੰਦੀ ਹੈ।

(8) **ਮਨੋਵਿਗਿਆਨਕ ਲੋੜਾਂ ਦੀ ਪੂਰਤੀ ਵਿਚ ਸਹਾਇਕ :-** ਭਿੰਨ ਭਿੰਨ ਆਯੂ ਵਰਗ ਦੇ ਵਿਦਿਆਰਥੀਆਂ ਦੀਆਂ ਕੁਝ ਮਾਨਸਿਕ ਤੇ ਬੌਧਿਕ ਲੋੜਾਂ ਹੁੰਦੀਆਂ ਹਨ ਜਿਨ੍ਹਾਂ ਵੱਲ ਧਿਆਨ ਦਿੱਤੇ ਬਿਨਾਂ ਅਧਿਆਪਕ ਨੂੰ ਬੌਧਿਕ ਤੇ ਪ੍ਰਭਾਵਪੂਰਨ ਨਹੀਂ ਬਣਾਇਆ ਜਾ ਸਕਦਾ ਹੈ। ਪਾਠ ਪੁਸਤਕ ਬਣਾਉਣ ਸਮੇਂ ਇਨ੍ਹਾਂ ਮਾਨਸਿਕ ਲੋੜਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਇਸ ਨਾਲ ਭਾਸ਼ਾ ਪੜ੍ਹਾਈ ਵਿਚ ਰੁਚੀ ਲੈਣ ਲਗ ਪੈਂਦਾ ਹੈ।

(9) ਸਿਖਿਆ ਦੇ ਪ੍ਰਸਾਰ ਵਿਚ ਸਹਾਇਕ :- ਸਿਖਿਆ ਦੇ ਪ੍ਰਸਾਰ ਚਾਹੇ ਅਧਿਆਪਕ ਤੋਂ ਇਕ ਸਮੇਂ ਉੱਪਰ ਵਿਦਿਆਰਥੀਆਂ ਨੂੰ ਇਕ ਸ਼੍ਰੇਣੀ ਵਿਚ ਪੜ੍ਹਾਇਆ ਜਾਂਦਾ ਹੈ। ਇਸ ਸ਼੍ਰੇਣੀ ਵਿਚ ਅਨੁਸ਼ਾਸਨ ਰੱਖਣਾ ਤੇ ਵਿਅਕਤੀਗਤ ਧਿਆਨ ਦੇਣਾ ਮੁਸ਼ਕਿਲ ਹੋ ਜਾਂਦਾ ਹੈ। ਜਿਸ ਨਾਲ ਠੀਕ ਪੜ੍ਹਾਈ ਨਹੀਂ ਹੋ ਸਕਦੀ। ਕੇਵਲ ਅਧਿਆਪਕ ਤਾਂ ਹੀ ਪ੍ਰਭਾਵਸ਼ਾਲੀ ਹੋ ਸਕਦਾ ਹੈ ਜੇ ਇਕ ਅਧਿਆਪਕ 5-7 ਵਿਦਿਆਰਥੀਆਂ ਨੂੰ ਪਾਠ ਪੁਸਤਕ ਦਾ ਹੀ ਸਹਾਰਾ ਲੈਣਾ ਹੈ। ਇਸ ਨਾਲ ਅਧਿਆਪਕ ਨੂੰ ਘੱਟ ਮਿਹਨਤ ਕਰਨੀ ਪੈਂਦੀ ਹੈ ਇਸ ਤਰ੍ਹਾਂ ਪਾਠ ਪੁਸਤਕ ਸਿਖਿਆ ਦੇ ਪ੍ਰਸਾਰ ਵਿਚ ਸਹਾਇਕ ਹੁੰਦੀ ਹੈ।

(10) ਇਕ ਪੱਧਰ ਦੀ ਸਥਾਪਤੀ ਵਿਚ ਸਹਾਇਕ :- ਪਾਠ ਪੁਸਤਕ ਵਿਦਿਆਰਥੀਆਂ ਦੀ ਉਮਰ ਤੇ ਮਾਨਸਿਕ ਪੱਧਰ ਅਨੁਸਾਰ ਤਿਆਰ ਕੀਤੀ ਜਾਂਦੀ ਹੈ, ਇਸ ਲਈ ਇਹ ਇਕ ਖਾਸ ਉਮਰ ਦੇ ਵਿਦਿਆਰਥੀਆਂ ਲਈ ਇਕ ਪੱਧਰ ਦੇ ਨਿਰਮਾਣ ਵਿਚ ਸਹਾਇਤਾ ਕਰਦੀ ਹੈ। ਪਾਠ ਪੁਸਤਕ ਦੇ ਸਿਰਲੇਖ ਤੋਂ ਅਧਿਆਪਕ ਕੁਝ ਪਰੋਗਰਾਮ ਤੇ ਕੀ ਕੁਝ, ਕਿੰਨਾ ਜ਼ਿਆਦਾ ਪੜ੍ਹਾਇਆ ਜਾਵੇਗਾ ਤੇ ਕਿੰਨਾ ਘੱਟ ਪੜ੍ਹਾਇਆ ਜਾਵੇਗਾ। ਇਸ ਨਾਲ ਇਕੋ ਹੀ ਖੇਤਰ ਵਿੱਚ ਵੱਖ-ਵੱਖ ਪੱਧਰਾਂ ਦੀ ਸਥਾਪਤੀ ਹੋ ਜਾਵੇਗੀ। ਪੱਧਰ ਨੂੰ ਇਕ ਸਮਾਨ ਰੱਖਣ ਲਈ, ਪਾਠ ਪੁਸਤਕ ਦੀ ਹਰ ਸਮੇਂ ਜ਼ਰੂਰਤ ਹੁੰਦੀ ਹੈ। ਇਸ ਨਾਲ ਇਕ ਸਮਾਨ ਸਿਖਿਆ ਸੰਭਵ ਹੋ ਸਕਦੀ ਹੈ।

ਤ੍ਰੈਭੁਜ ਰੂਪੀ ਪ੍ਰਕਿਰਿਆ :-



ਸਿੱਟਾ:- ਇਸ ਪ੍ਰਕਾਰ ਪਾਠ ਪੁਸਤਕਾਂ ਬੱਚਿਆਂ ਦੀ ਗਿਆਨ ਪ੍ਰਾਪਤੀ ਅਤੇ ਲੋੜੀਂਦੀ ਯੋਗਤਾ ਵਿਚ ਵਾਧਾ ਕਰਦੀਆਂ ਹਨ। ਇਹ ਵਿਦਿਆਰਥੀਆਂ ਅਧਿਆਪਕਾਂ ਤੇ ਮਾਪਿਆਂ ਦੇ ਸਾਹਮਣੇ ਨਿਸ਼ਾਨੇ ਮਿੱਥਦੀਆਂ ਹਨ, ਸੇਧ ਦਿੰਦੀਆਂ ਹਨ ਤੇ ਕਾਰਜ ਵਿਧੀ ਦੀ ਹੱਦ ਨਿਸ਼ਚਿਤ ਕਰਦੀਆਂ ਹਨ। ਭਾਸ਼ਾ ਅਧਿਆਪਨ ਵਿਚ, ਭਾਸ਼ਾ ਅਤੇ ਸ਼ਬਦਾਵਲੀ ਦਾ ਪੱਧਰ ਨਿਸ਼ਚਿਤ ਕਰਨਾ, ਗਿਆਨ ਦਾ ਪੱਧਰ ਨਿਰਧਾਰਿਤ ਕਰਨਾ, ਵਿਦਿਆਰਥੀਆਂ ਵਿਚ ਪੜ੍ਹਨ ਤੇ ਅਭਿਆਸ ਦੇ ਜ਼ਿਆਦਾ ਮੌਕੇ ਪ੍ਰਦਾਨ ਕਰਨਾ ਤੇ ਮੌਲਿਕ ਚਿੰਤਨ ਲਈ ਪ੍ਰੇਰਣਾ ਦੇਣਾ ਸਹਾਇਕ, ਪਾਠ ਪੁਸਤਕ ਦੇ ਮੁੱਖ ਕਾਰਜ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਾਠ ਪੁਸਤਕ ਨੂੰ ਮਹਾਨਤਾ ਨੂੰ ਨਕਾਰ ਨਹੀਂ ਸਕਦੇ। ਲੋੜ ਇਸ ਗੱਲ ਦੀ ਹੈ ਕਿ ਪਾਠ ਪੁਸਤਕ ਦੀ ਚੋਣ ਸਾਵਧਾਨੀ ਨਾਲ ਕੀਤੀ ਜਾਵੇ। ਪਾਠਕ੍ਰਮ ਕਮੇਟੀਆਂ ਤੇ ਸਿੱਖਿਆ ਬੋਰਡ ਦੁਆਰਾ ਪਾਠ ਪੁਸਤਕਾਂ ਦੇ ਨਿਰਮਾਣ ਸਮੇਂ ਸੰਬੰਧਿਤ ਖੇਤਰਾਂ ਵਿਚ ਅਧਿਆਪਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਚਾਹੀਦਾ ਹੈ। ਸਮੇਂ ਸਮੇਂ, ਪਾਠ ਪੁਸਤਕ ਦੇ ਵਿਸ਼ਾ ਵਸਤੂ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ ਕਿਉਂਕਿ ਸਿੱਖਿਆ ਇਕ ਗਤੀਸ਼ੀਲ ਪ੍ਰਕਿਰਿਆ ਹੈ। ਪਾਠ ਪੁਸਤਕ ਦੀ ਵਰਤੋਂ ਕਰਦੇ ਸਮੇਂ ਇਹ ਗੱਲ ਹਮੇਸ਼ਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਪਾਠ ਪੁਸਤਕਾਂ, ~~ਦੀ ਵਰਤੋਂ ਕਰਦੇ ਸਮੇਂ ਵਿਚ~~, ਭਾਸ਼ਾ ਸਿੱਖਿਆ ਦਾ ਇਕ ਸਹਾਇਕ ਸਾਧਨ ਹੀ ਹੈ, ਉਦੇਸ਼ ਪ੍ਰਾਪਤੀ ਦਾ ਅੰਤਿਮ ਟੀਚਾ ਨਹੀਂ।

Scanned with CamScanner